# ਮੁੜ ਕਾਬਲ ਬਣਨਾ (Reablement)

## ਇਹ ਤੁਹਾਡੇ ਲਈ ਕੁਝ ਕਰਨ ਬਾਰੇ ਨਹੀਂ ਹੈ।

ਇਹ ਤੁਹਾਨੂੰ ਉਹ ਹੁਨਰ ਅਤੇ ਯਕੀਨ ਦੇਣ ਲਈ ਹੈ, ਜਿਸ ਦੀ ਮਦਦ ਨਾਲ ਤੁਸੀਂ ਆਪਣੇ ਨਿੱਤ ਦੇ ਕੰਮ ਖੁਦ ਕਰ ਸਕਦੇ ਹੋ।



Warwickshire County Council

## Reablement ਸੇਵਾ ਕੀ ਹੈ?

Reablement ਸੇਵਾ ਵਾਰਵਿੱਕਸ਼ਾਇਰ ਦੇ 18 ਸਾਲ ਤੋਂ ਵੱਧ ਉਮਰ ਦੇ ਉਹਨਾਂ ਨਿਵਾਸਿਆਂ ਦੀ ਮਦਦ ਕਰਦੀ ਹੈ, ਜਿਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਮਿਲੀ ਹੈ ਜਾਂ ਫਿਰ ਵਿਅਕਤੀ ਦੀ ਸਮਰੱਥਾ ਜਾਂ ਸੁਤੰਤਰਤਾ ਵਿੱਚ ਕੋਈ ਤਬਦੀਲੀ ਆਈ ਹੈ। ਇਹ ਇੱਕ ਘੱਟ ਸਮੇਂ ਵਾਲੀ ਅਤੇ ਤੀਬਰ ਸੇਵਾ ਹੈ, ਜੋ ਆਮ ਤੌਰ 'ਤੇ ਘਰੇ ਹੀ ਉਪਲਬਧ ਕਰਵਾਈ ਜਾਂਦੀ ਹੈ ਅਤੇ ਉਹਨਾਂ ਲੋਕਾਂ ਨੂੰ ਉਪਲਬਧ ਕਰਵਾਈ ਜਾਂਦੀ ਹੈ, ਜੋ ਅਸਮਰੱਥ ਹਨ, ਕਿਸੇ ਬਿਮਾਰੀ ਜਾਂ ਸੱਟ ਤੋਂ ਬਾਅਦ ਕਮਜ਼ੋਰ ਹੋ ਗਏ ਹਨ ਜਾਂ ਠੀਕ ਹੋ ਰਹੇ ਹਨ।

ਇਸ ਨਾਲ ਤੁਹਾਨੂੰ ਯਕੀਨ ਮਿਲੇਗਾ ਅਤੇ ਨਿੱਤ ਦੇ ਕੰਮ ਕਰ ਪਾਉਣ ਦੀ ਤੁਹਾਡੀ ਸਮਰੱਥਾ ਹੋਰ ਬਿਹਤਰ ਹੋਵੇਗੀ, ਜਿਵੇਂ ਕਿ:

- ਨਹਾਉਣਾ ਅਤੇ ਧੋਣਾ
- ਖਾਣਾ ਬਣਾਉਣਾ
- ਬੈਡ ਤੋਂ ਉੱਠਣਾ ਅਤੇ ਲੇਟਣਾ
- ਬਾਹਰ ਜਾਣਾ
- ਆਪਣੀ ਦਵਾਈ ਦਾ ਧਿਆਨ ਰੱਖਣਾ

## ਇਸ ਵਿੱਚ ਕੀ ਕੁਝ ਸ਼ਾਮਲ ਹੈ?

Reablement ਟੀਮ ਦਾ ਕੋਈ ਮੈਂਬਰ ਤੁਹਾਨੂੰ ਮਿਲਣ ਆਵੇਗਾ, ਆਮ ਤੌਰ 'ਤੇ ਤੁਹਾਡੇ ਘਰ ਆਵੇਗਾ, ਅਤੇ ਤੁਹਾਡੇ ਨਾਲ ਤੁਹਾਡੀ ਨਿੱਤ ਦੀ ਜ਼ਿੰਦਗੀ ਬਾਰੇ ਗੱਲ ਕਰੇਗਾ। ਇਹ ਤੁਹਾਡਾ ਮੁਲਾਂਕਣ ਹੈ ਅਤੇ ਇਸ ਨਾਲ ਸਾਨੂੰ ਇਕੱਠਿਆਂ ਇਸ ਗੱਲ 'ਤੇ ਸਹਿਮਤ ਹੋਣ ਵਿੱਚ ਮਦਦ ਮਿਲੇਗੀ ਕਿ ਤੁਸੀਂ ਕੀ ਹਾਸਲ ਕਰਨਾ ਚਾਹੁੰਦੇ ਹੋ (ਤੁਹਾਡੇ ਟੀਚੇ) ਅਤੇ ਟੀਮ ਕਿਵੇਂ ਇਸ ਵਿੱਚ ਤੁਹਾਡੀ ਮਦਦ ਕਰੇਗੀ।

ਇਸ ਨੂੰ ਇੱਕ ਲਿਖਤੀ ਯੋਜਨਾ ਦਾ ਰੂਪ ਦਿੱਤਾ ਜਾਵੇਗਾ, ਜਿਸ ਨਾਲ ਤੁਹਾਨੂੰ ਜ਼ਿਆਦਾ ਯਕੀਨ ਹੋਵੇਗਾ ਕਿ ਤੁਸੀਂ ਆਪਣੇ ਨਿੱਤ ਦੇ ਕੰਮ ਕਰ ਸਕਦੇ ਹੋ ਅਤੇ ਇੱਕ ਸਿਹਤਮੰਦ ਜੀਵਨਸ਼ੈਲੀ ਆਪਣਾ ਸਕਦੇ ਹੋ।

ਸਿਖਲਾਈ ਪ੍ਰਾਪਤ Reablement ਸਹਾਇਕ ਰੋਜ਼ਾਨਾ ਆਧਾਰ 'ਤੇ ਤੁਹਾਡੇ ਨਾਲ ਮਿਲਕੇ ਕੰਮ ਕਰਨਗੇ ਅਤੇ ਇਹਨਾਂ ਕਾਰਜਾਂ ਦਾ ਅਭਿਆਸ ਕਰਨ ਅਤੇ ਤੁਹਾਡੇ ਟੀਚੇ ਹਾਸਲ ਕਰਨ ਲਈ ਤੁਹਾਨੂੰ ਹੱਲਾਸ਼ੇਰੀ ਦੇਣਗੇ।

ਉਹਨਾਂ ਦੇ ਤੁਹਾਨੂੰ ਮਿਲਣ ਆਉਣ ਦੀ ਵਾਰਵਾਰਤਾ ਤੁਹਾਨੂੰ ਲੋੜੀਂਦੀ ਮਦਦ ਦੇ ਪੱਧਰ ਦੇ ਮੁਤਾਬਕ ਵੱਖ-ਵੱਖ ਹੋਵੇਗੀ।

ਇਸ ਵਾਰਵਾਰਤਾ ਦੇ ਸਮੇਂ ਨਾਲ ਘਟਣ ਦੀ ਸੰਭਾਵਨਾ ਹੈ, ਕਿਉਂਕਿ ਤੁਸੀਂ ਆਪਣੇ ਕੰਮ ਖੁਦ ਕਰਨਾ ਸ਼ੁਰੂ ਕਰੋਗੇ ਅਤੇ ਵਾਪਸ ਆਪਣੀ ਨਿੱਤ 'ਤੇ ਆ ਜਾਓਗੇ।

ਤੁਹਾਨੂੰ Reablement ਸੇਵਾ ਮਿਲਣ ਦੇ ਦੌਰਾਨ ਅਸੀਂ ਤੁਹਾਡੀ ਸਮਰੱਥਾ ਵਿੱਚ ਆਏ ਸੁਧਾਰਾਂ ਬਾਰੇ ਅਤੇ ਅਸੀਂ ਤੁਹਾਡੀ ਹੋਰ ਕਿਵੇਂ ਮਦਦ ਕਰ ਸਕਦੇ ਹਾਂ, ਬਾਰੇ ਤੁਹਾਡੇ ਨਾਲ ਵਿਚਾਰ ਵਟਾਂਦਰਾ ਕਰਾਂਗੇ।

Reablement ਸੇਵਾ ਉਦੋਂ ਬੰਦ ਕਰ ਦਿੱਤੀ ਜਾਵੇਗੀ, ਜਦੋਂ ਤੁਸੀਂ ਹਰ ਸੰਭਵ ਤਰੀਕੇ ਸੁਤੰਤਰਤਾ ਮਹਿਸੂਸ ਕਰੋਗੇ।

ਜੇ Reablement ਸੇਵਾ ਨਾਲ ਤੁਹਾਨੂੰ ਕੋਈ ਫਾਇਦਾ ਹੋਇਆ ਹੈ, ਤਾਂ ਤੁਹਾਨੂੰ ਲੱਗ ਸਕਦਾ ਹੈ ਕਿ ਤੁਸੀਂ ਆਪਣਾ ਧਿਆਨ ਖੁਦ ਰੱਖ ਸਕਦੇ ਹੋ ਜਾਂ ਤੁਹਾਨੂੰ ਬਹੁਤ ਘੱਟ ਮਦਦ ਦੀ ਲੋੜ ਹੈ।

ਜੇ ਤੁਹਾਨੂੰ ਮਦਦ ਲੰਬੇ ਸਮੇਂ ਤੱਕ ਲਈ ਚਾਹੀਦੀ ਹੈ, ਤਾਂ ਅਸੀਂ ਤੁਹਾਡੀ ਸਮਾਜਕ ਦੇਖਭਾਲ ਦਾ ਮੁਲਾਂਕਣ ਕਰਾਉਣ ਦੇ ਇੰਤਜ਼ਾਮ ਕਰਾਂਗੇ।

ਇਸ ਮੁਲਾਂਕਣ ਵਿੱਚ ਤੁਹਾਡੀਆਂ ਵਿਅਕਤੀਗਤ ਲੋੜਾਂ ਅਤੇ ਟੀਚਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।
ਅਸੀਂ ਮਦਦ ਦੇ ਉਪਲਬਧ ਵਿਕਲਪਾਂ ਅਤੇ ਤੁਹਾਡੇ ਲਈ ਕਿਹੜਾ ਸਭ ਤੋਂ ਵਧੀਆ ਰਹੇਗਾ, ਬਾਰੇ ਤੁਹਾਡੇ ਨਾਲ ਗੱਲ ਕਰਾਂਗੇ।

# ਅਕਸਰ ਪੁੱਛੇ ਜਾਂਦੇ ਸਵਾਲ

## *ਇਹ ਕਦੋਂ ਤੱਕ ਚੱਲਦੀ ਹੈ?*

Reablement ਸੇਵਾ ਤੁਹਾਡੀਆਂ ਲੋੜਾਂ ਦੇ ਹਿਸਾਬ ਨਾਲ ਉਪਲਬਧ ਕਰਾਈ ਜਾਂਦੀ ਹੈ, ਇਸ ਲਈ ਸੇਵਾ ਵਿੱਚ ਤੁਹਾਨੂੰ ਇੱਕ ਹਫਤੇ ਜਾਂ ਫਿਰ ਲੰਬੇ ਸਮੇਂ ਤੱਕ, ਵੱਧ ਤੋਂ ਵੱਧ ਛੇ ਹਫਤਿਆਂ ਤੱਕ ਲਈ ਮਦਦ ਉਪਲਬਧ ਕਰਾਈ ਜਾਂਦੀ ਹੈ।

## *ਕੀ ਮੈਨੂੰ ਪੈਸੇ ਦੇਣੇ ਪੈਣਗੇ?*

ਜਦੋਂ ਤੱਕ Reablement ਸੇਵਾ ਕਰਕੇ ਤੁਹਾਡੀ ਸਮਰੱਥਾ ਵਿੱਚ ਸੁਧਾਰ ਹੁੰਦਾ ਰਹੇਗਾ, ਉਦੋਂ ਤੱਕ ਤੁਹਾਡੇ ਤੋਂ Reablement ਮਦਦ ਲਈ ਕੋਈ ਪੈਸਾ ਨਹੀਂ ਲਿਆ ਜਾਵੇਗਾ। ਜੇ ਤੁਸੀਂ ਹਰ ਤਰੀਕੇ ਸੰਭਵ ਸੁਤੰਤਰਤਾ ਦੇ ਸਰਬੋਤਮ ਪੱਧਰ ‘ਤੇ ਪਹੁੰਚ ਗਏ ਹੋ ਅਤੇ ਤੁਹਾਨੂੰ ਨਿਰੰਤਰ ਸੇਵਾ ਦੀ ਲੋੜ ਹੈ, ਤਾਂ ਤੁਹਾਨੂੰ ਦੇਖਭਾਲ ਦੇ ਖਰਚੇ ਵਿੱਚ ਹਿੱਸਾ ਪਾਉਣਾ ਪਵੇਗਾ। ਇਹ ਸਮਾਜਕ ਦੇਖਭਾਲ ਮੁਲਾਂਕਣ ਪੂਰਾ ਹੋਣ ਦੀ ਮਿਤੀ ਤੋਂ ਲਾਗੂ ਹੋ ਸਕਦਾ ਹੈ ਅਤੇ ਤੁਹਾਡੇ ਵਿੱਤੀ ਮੁਲਾਂਕਣ ਦੇ ਨਤੀਜੇ ‘ਤੇ ਨਿਰਭਰ ਕਰੇਗਾ।

## *ਜੇ Reablement ਦੌਰਾਨ ਮੈਂ ਬੀਮਾਰ ਹੋ ਜਾਵਾਂ, ਤਾਂ ਕੀ ਹੋਵੇਗਾ?*

ਜੇ ਤੁਸੀਂ ਬੀਮਾਰ ਹੋ ਜਾਂਦੇ ਹੋ ਅਤੇ ਬਿਮਾਰੀ ਕਰਕੇ ਆਪਣੀ Reablement ਯੋਜਨਾ ਨੂੰ ਸਿਰੇ ਨਹੀਂ ਚੜ੍ਹਾ ਪਾਓਗੇ, ਤਾਂ ਅਸੀਂ ਸੇਵਾ ਨੂੰ 72 ਘੰਟਿਆਂ ਲਈ ਰੋਕ ਸਕਦੇ ਹਾਂ।

## *ਸੇਵਾ ਕੌਣ ਉਪਲਬਧ ਕਰਾਉਂਦਾ ਹੈ?*

ਇਸ ਸੇਵਾ ਵਾਰਵਿੱਕਸ਼ਾਇਰ ਕਾਉਂਟੀ ਕਾਊਂਸਿਲ ਸਮਾਜਕ ਦੇਖਭਾਲ *(Warwickshire County Council Social Care)* ਦੀ ਤਰਫ਼ੋਂ ਹੈ ਅਤੇ ਇਸ ਵਿੱਚ ਸ਼ਾਮਲ ਹੈ:

- *Reablement ਸਹਾਇਕ*
- *ਸੁਪਰਵਾਈਜ਼ਰ*
- *Reablement ਅਫਸਰ*
- *ਵਿਵਸਾਇਕ ਥੈਰੇਪੀ ਸਹਾਇਕ*
- *ਵਿਵਸਾਇਕ ਥੈਰੇਪਿਸਟ*



## *ਜੇ ਮੈਨੂੰ ਹਸਪਤਾਲ ਜਾਣਾ ਪੈਂਦਾ ਹੈ, ਤਾਂ ਕੀ ਹੋਵੇਗਾ?*

ਜੇ ਤੁਸੀਂ ਸਾਡੇ ਦਫਤਰ ਨੂੰ ਫੋਨ ਕਰਕੇ ਜਾਂ ਫਿਰ ਸਾਡੇ ਕਿਸੇ ਸਟਾਫ ਮੈਂਬਰ ਨੂੰ ਦੱਸ ਦਿੰਦੇ ਹੋ, ਤਾਂ ਅਸੀਂ ਉਸ ਦਿਨ ਦੀਆਂ ਯੋਜਨਾਬੱਧ ਮੁਲਾਕਾਤਾਂ ਨੂੰ ਰੱਦ ਜਾਂ ਫਿਰ ਸੰਭਵ ਤੌਰ 'ਤੇ ਮੁੜ-ਨਿਰਧਾਰਤ ਕਰ ਸਕਦੇ ਹਾਂ।

## *ਸੇਵਾ ਟੀਮ ਦੇ ਮੈਂਬਰ ਕਿਸ ਸਮੇਂ ਆਉਣਗੇ?*

ਸੇਵਾ ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਉਪਲਬਧ ਕਰਵਾਈ ਜਾਂਦੀ ਹੈ। ਹਰ ਕਾਲ ਇਸ ਸਮੇਂ ਦੌਰਾਨ ਹੀ ਹੋਵੇਗੀ ਅਤੇ ਤੁਹਾਡੀਆਂ ਮੁਲਾਕਾਤਾਂ ਤੋਂ ਪਹਿਲਾਂ ਤੁਹਾਨੂੰ ਦੱਸ ਦਿੱਤਾ ਜਾਵੇਗਾ।



## *ਵਧੇਰੀ ਜਾਣਕਾਰੀ ਕਿਵੇਂ ਪ੍ਰਾਪਤ ਕਰੀਏ*

ਜੇ ਤੁਸੀਂ **Reablement** ਸੇਵਾ ਬਾਰੇ ਵਧੇਰੀ ਜਾਣਕਾਰੀ ਲੈਣਾ ਚਾਹੁੰਦੇ ਹੋ, ਤਾਂ ਸਭ ਤੋਂ ਵਧੀਆ ਤਰੀਕਾ ਹੈ, ਪਹਿਲਾਂ ਤੋਂ ਹੀ ਤੁਹਾਡੀ ਮਦਦ ਕਰ ਰਹੇ ਸਟਾਫ ਦੇ ਕਿਸੇ ਵੀ ਮੈਂਬਰ ਨਾਲ ਗੱਲ ਕਰਨਾ ਸ਼ੁਰੂ ਕਰਨਾ। ਉਹ ਤੁਹਾਡੀ ਮਦਦ ਕਰ ਸਕਦੇ ਹਨ, ਜਾਂ ਫਿਰ ਤੁਹਾਡੇ ਲਈ ਵਧੇਰੀ ਜਾਣਕਾਰੀ ਪਤਾ ਕਰ ਸਕਦੇ ਹਨ।

ਸੇਵਾ ਬਾਰੇ ਵਧੇਰੀ ਜਾਣਕਾਰੀ ਲੈਣ ਲਈ
**ਵਾਰਵਿੱਕਸ਼ਾਇਰ ਕਾਉਂਟੀ ਕਾਉਂਸਿਲ (Warwickshire County Council) ਨੂੰ 01926 410410 'ਤੇ ਕਾਲ ਕਰੋ**

ਸੇਵਾਵਾਂ ਬਾਰੇ ਜਾਣਨ ਅਤੇ ਤੁਹਾਨੂੰ ਸੁਰੱਖਿਅਤ, ਸਿਹਤਮੰਦ ਅਤੇ ਸੁਤੰਤਰ ਰੱਖਣ ਵਿੱਚ ਮਦਦ ਲੈਣ ਬਾਰੇ ਪਤਾ ਕਰਨ ਲਈ www.warwickshire.gov.uk/livingwell 'ਤੇ ਜਾਓ।

ਜੇ ਤੁਹਾਨੂੰ ਇਹ ਜਾਣਕਾਰੀ ਕਿਸੇ ਹੋਰ ਰੂਪ ਵਿੱਚ ਚਾਹੀਦੀ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।